# ਮੈਂ ਫੈਮਿਲੀ ਲਾਅ ਦੇ ਵਕੀਲ ਦੀ ਚੋਣ ਕਿਵੇਂ ਕਰਨੀ ਹੈ?

ਇਹ ਗਾਈਡ ਉਨ੍ਹਾਂ ਲੋਕਾਂ ਲਈ ਫੈਮਿਲੀ ਲਾਅ ਦਾ ਵਕੀਲ ਲੱਭਣ ਵਿਚ ਮਦਦ ਕਰਨ ਲਈ ਤਿਆਰ ਕੀਤੀ ਗਈ ਸੀ ਜਿਹੜਾ ਉਨ੍ਹਾਂ ਦੇ ਫੈਮਿਲੀ ਲਾਅ ਦੇ ਮਾਮਲੇ ਵਿਚ ਉਨ੍ਹਾਂ ਦੀ ਮਦਦ ਕਰ ਸਕਦਾ ਹੈ। ਇਹ ਗਾਈਡ ਲੀਗਲ ਏਡ ਬੀ ਸੀ ਦੇ ਫੰਡਾਂ ਵਾਲੇ ਵਕੀਲਾਂ ਨੂੰ ਕਵਰ ਕਰਨ ਦੇ ਨਾਲ ਨਾਲ ਪ੍ਰਾਈਵੇਟ ਵਕੀਲਾਂ ਨੂੰ ਵੀ ਕਵਰ ਕਰਦੀ ਹੈ।

Rise
WOMEN'S LEGAL CENTRE

# ਮੈਂ ਕਿੱਥੋਂ ਸ਼ੁਰੂ ਕਰਾਂ?

ਵਕੀਲ ਲੱਭਣਾ ਔਖਾ ਕੰਮ ਹੋ ਸਕਦਾ ਹੈ। ਸਭ ਤੋਂ ਪਹਿਲਾਂ ਤੁਹਾਨੂੰ ਇਸ ਚੀਜ਼ ਬਾਰੇ ਸੋਚਣ ਦੀ ਲੋੜ ਹੈ ਕਿ ਕੀ ਤੁਸੀਂ ਵਕੀਲ ਪ੍ਰਾਈਵੇਟ ਤੌਰ 'ਤੇ ਕਰ ਰਹੇ ਹੋ ਜਾਂ ਲੀਗਲ ਏਡ ਦੇ ਵਕੀਲ ਦੀ ਚੋਣ ਕਰ ਰਹੇ ਹੋ।

# ਮੈਂ ਲੀਗਲ ਏਡ ਦੇ ਵਕੀਲ ਬਾਰੇ ਕਦੋਂ ਵਿਚਾਰ ਕਰਾਂਗਾ/ਕਰਾਂਗੀ?

ਲੀਗਲ ਏਡ ਬੀ ਸੀ ਕਲਾਇੰਟਸ ਦੀ ਮੁਫਤ ਨੁਮਾਇੰਦਗੀ ਕਰਨ ਲਈ ਵਕੀਲਾਂ ਨੂੰ ਪੈਸੇ ਦਿੰਦੀ ਹੈ। ਲੀਗਲ ਏਡ ਲਈ ਯੋਗ ਹੋਣ ਲਈ, ਤੁਹਾਡੇ ਲਈ ਦੋ ਮਾਪਦੰਡ ਪੂਰੇ ਕਰਨਾ ਜ਼ਰੂਰੀ ਹੈ:

1. ਤੁਹਾਡਾ ਮਸਲਾ ਲੀਗਲ ਏਡ ਵਲੋਂ ਕਵਰ ਹੋਣਾ ਜ਼ਰੂਰੀ ਹੈ; ਅਤੇ
2. ਤੁਹਾਡੇ ਘਰ ਦੀ ਆਮਦਨ ਅਤੇ ਜਾਇਦਾਦ ਇੰਨੀ ਕੁ ਘੱਟ ਹੋਣੀ ਜ਼ਰੂਰੀ ਹੈ ਕਿ ਇਹ ਤੁਹਾਨੂੰ ਇਸ ਦੇ ਯੋਗ ਬਣਾਉਂਦੀ ਹੋਵੇ।

ਲੀਗਲ ਏਡ ਲਈ ਅਪਲਾਈ ਕਰਨ ਲਈ, 604-408-2172 ਨੂੰ ਫੋਨ ਕਰੋ। ਉਹ ਤੁਹਾਨੂੰ ਆਪਣੀਆਂ ਪਿਛਲੇ ਤਿੰਨ ਮਹੀਨੇ ਦੀਆਂ ਬੈਂਕ ਸਟੇਟਮੈਂਟਾਂ ਦੇਣ ਲਈ ਕਹਿਣਗੇ। ਇਹ ਫੈਸਲਾ ਕਰਨ ਲਈ ਉਨ੍ਹਾਂ ਨੂੰ ਹੋਰ ਪੇਪਰਾਂ ਦੀ ਵੀ ਲੋੜ ਪੈ ਸਕਦੀ ਹੈ ਕਿ ਕੀ ਤੁਸੀਂ ਇਸ ਲਈ ਯੋਗ ਹੋ। ਲੀਗਲ ਏਡ ਬੀ ਸੀ ਕੋਲ ਅਪਲਾਈ ਕਰਨ ਬਾਰੇ ਜ਼ਿਆਦਾ ਜਾਣਨ ਲਈ legalaid.bc.ca/legal_aid/doIQualifyRepresentation 'ਤੇ ਜਾਉ।

ਜਦੋਂ ਲੀਗਲ ਏਡ ਬੀ ਸੀ ਤੁਹਾਡਾ ਕੇਸ ਲੜਨ ਲਈ ਕਿਸੇ ਵਕੀਲ ਨੂੰ ਪੈਸੇ ਦਿੰਦੀ ਹੈ ਤਾਂ ਉਹ "ਸਟੈਂਡਰਡ ਰੀਟੇਨਰ" ਇਕਰਾਰਨਾਮਾ (ਕੌਨਟਰੈਕਟ) ਜਾਂ "ਲਿਮਟਿਡ ਰੀਟੇਨਰ" ਇਕਰਾਰਨਾਮਾ ਪ੍ਰਦਾਨ ਕਰ ਸਕਦੇ ਹਨ। ਇਕਰਾਰਨਾਮਿਆਂ ਦੀਆਂ ਦੋਨਾਂ ਕਿਸਮਾਂ ਦੀਆਂ ਉਨ੍ਹਾਂ ਘੰਟਿਆਂ ਦੀਆਂ ਹੱਦਾਂ ਹੁੰਦੀਆਂ ਹਨ ਜਿੰਨੇ ਘੰਟੇ ਵਕੀਲ ਨੂੰ ਕੰਮ ਕਰਨ ਦੇ ਪੈਸੇ ਦਿੱਤੇ ਜਾਣਗੇ, ਭਾਵੇਂ ਕਿ ਸਟੈਂਡਰਡ ਇਕਰਾਰਨਾਮਿਆਂ ਦੇ ਜ਼ਿਆਦਾ ਘੰਟੇ ਹੁੰਦੇ ਹਨ। ਇਹ ਸਮਝਣਾ ਜ਼ਰੂਰੀ ਹੈ ਕਿ ਲੀਗਲ ਏਡ ਦੇ ਵਕੀਲ ਕੋਲ ਤੁਹਾਡੇ ਕੇਸ ਦੇ ਸਾਰੇ ਪੱਖਾਂ 'ਤੇ ਕੰਮ ਪੂਰਾ ਕਰਨ ਲਈ ਕਾਫੀ ਘੰਟੇ ਨਹੀਂ ਹੋ ਸਕਦੇ ਹਨ ਭਾਵੇਂ ਤੁਹਾਡੇ ਇਕਰਾਰਨਾਮੇ ਦੀ ਕਿਸਮ ਕੋਈ ਵੀ ਹੋਵੇ।

# ਵਕੀਲ ਅਤੇ ਲੀਗਲ ਏਡ

ਲੀਗਲ ਏਡ ਬੀ ਸੀ ਕੌਨਟਰੈਕਟ (ਠੇਕੇ) 'ਤੇ ਆਧਾਰਿਤ ਸਿਸਟਮ ਵਰਤਦੀ ਹੈ। ਜੇ ਤੁਸੀਂ ਵਕੀਲ ਲਈ ਯੋਗ ਹੁੰਦੇ ਹੋ ਤਾਂ ਲੀਗਲ ਏਡ ਬੀ ਸੀ ਤੁਹਾਡੇ ਕੇਸ 'ਤੇ ਕੰਮ ਕਰਨ ਲਈ ਕਿਸੇ ਪ੍ਰਾਈਵੇਟ ਵਕੀਲ ਨੂੰ ਕੌਨਟਰੈਕਟ ਜਾਰੀ ਕਰੇਗੀ। ਇਹ ਵਕੀਲ ਲੀਗਲ ਏਡ ਬੀ ਸੀ ਦੇ ਮੁਲਾਜ਼ਮ ਨਹੀਂ ਹਨ, ਪਰ ਲੀਗਲ ਏਡ ਬੀ ਸੀ ਅਜਿਹੇ ਵਕੀਲਾਂ ਦੀ ਲਿਸਟ ਰੱਖਦੀ ਹੈ ਜਿਹੜੇ ਆਪਣੇ ਕੌਨਟਰੈਕਟ ਪ੍ਰਵਾਨ ਕਰਨਗੇ। ਜੇ ਤੁਸੀਂ ਕਿਸੇ ਵਕੀਲ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਤੁਹਾਡੇ ਖਿਆਲ ਮੁਤਾਬਕ ਤੁਹਾਡੇ ਲਈ ਢੁਕਵਾਂ ਨਹੀਂ ਹੈ ਤਾਂ ਤੁਸੀਂ ਆਪਣਾ ਵਕੀਲ ਬਦਲਣ ਲਈ ਅਪਲਾਈ ਕਰ ਸਕਦੇ ਹੋ। ਪਰ, ਇਸ ਚੀਜ਼ ਦੀ ਕੋਈ ਗਾਰੰਟੀ ਨਹੀਂ ਹੈ ਕਿ ਲੀਗਲ ਏਡ ਬੀ ਸੀ ਕਿਸੇ ਹੋਰ ਵਕੀਲ ਲਈ ਤੁਹਾਡੀ ਬੇਨਤੀ ਨੂੰ ਪ੍ਰਵਾਨ ਕਰ ਲਵੇਗੀ, ਅਤੇ ਉਹ ਆਮ ਤੌਰ 'ਤੇ "ਵਕੀਲ ਬਦਲੀ" ਦੀ ਸਿਰਫ ਇਕ ਬੇਨਤੀ ਨੂੰ ਹੀ ਪ੍ਰਵਾਨ ਕਰਦੇ ਹਨ – ਇਕ ਕਲਾਇੰਟ ਪਿੱਛੇ ਸਿਰਫ ਇਕ ਵਕੀਲ ਦੀ ਬਦਲੀ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਜੇ ਤੁਸੀਂ ਆਪਣਾ ਵਕੀਲ ਬਦਲਣਾ ਚਾਹੁੰਦੇ ਹੋਵੋ ਤਾਂ ਤੁਸੀਂ ਕਿਸੇ ਫੈਮਿਲੀ ਲਾਅ ਐਡਵੋਕੇਟ ਨਾਲ ਸੰਪਰਕ ਕਰੋ। ਤੁਸੀਂ ਬੀ ਸੀ ਵਿਚ ਫੈਮਿਲੀ ਲਾਅ ਐਡਵੋਕੇਟਸ ਦੀ ਲਿਸਟ ਇੱਥੇ ਦੇਖ ਸਕਦੇ ਹੋ: family.legalaid.bc.ca/bc-legal-system/legal-help/support-and-advocacy/getting-help-advocate.

ਜੇ ਤੁਹਾਨੂੰ ਲੀਗਲ ਏਡ ਲਈ ਮਨਜ਼ੂਰ ਕਰ ਲਿਆ ਜਾਂਦਾ ਹੈ ਤਾਂ ਵਕੀਲ ਲੱਭਣ ਲਈ ਤੁਹਾਡੇ ਕੋਲ ਦੋ ਚੋਣਾਂ ਹਨ:

- ਤੁਸੀਂ ਲੀਗਲ ਏਡ ਦੇ ਇਨਟੇਕ ਵਰਕਰ ਨੂੰ ਆਪਣੇ ਲਈ ਵਕੀਲ ਕਰਨ ਲਈ ਕਹਿ ਸਕਦੇ ਹੋ; ਜਾਂ
- ਤੁਸੀਂ ਇਹ ਕਹਿ ਸਕਦੇ ਹੋ ਕਿ ਤੁਸੀਂ ਆਪਣਾ ਵਕੀਲ ਆਪ ਲੱਭਣਾ ਚਾਹੁੰਦੇ ਹੋ ਅਤੇ ਉਨ੍ਹਾਂ ਵਕੀਲਾਂ ਦੇ ਨਾਂਵਾਂ ਦੀ ਲਿਸਟ ਮੰਗ ਸਕਦੇ ਹੋ ਜਿਹੜੇ ਲੀਗਲ ਏਡ ਦੇ ਕੇਸ ਲੈਂਦੇ ਹਨ।

ਜਦੋਂ ਤੁਸੀਂ ਉਸ ਲਿਸਟ ਵਿਚਲੇ ਵਕੀਲਾਂ ਨੂੰ ਫੋਨ ਕਰਦੇ ਹੋ ਤਾਂ ਤੁਹਾਨੂੰ ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਪਵੇਗੀ ਕਿ ਕੀ ਤੁਸੀਂ ਸਟੈਂਡਰਡ ਰੀਟੇਨਰ ਕੌਨਟਰੈਕਟ ਲਈ ਪ੍ਰਵਾਨ ਹੋਏ ਹੋ ਜਾਂ ਲਿਮਟਿਡ ਰੀਟੇਨਰ ਕੌਨਟਰੈਕਟ ਲਈ। ਜੇ ਤੁਹਾਨੂੰ ਪਤਾ ਨਾ ਹੋਵੇ ਤਾਂ ਕਿਰਪਾ ਕਰਕੇ ਇਹ ਪੱਕਾ ਕਰਨ ਲਈ ਲੀਗਲ ਏਡ ਦੇ ਆਪਣੇ ਇਨਟੇਕ ਵਰਕਰ ਨਾਲ ਸੰਪਰਕ ਕਰੋ ਕਿ ਉਨ੍ਹਾਂ ਨੇ ਤੁਹਾਨੂੰ ਕਿਸ ਕਿਸਮ ਦਾ ਕੌਨਟਰੈਕਟ ਦਿੱਤਾ ਹੈ।

# ਮੈਂ ਪ੍ਰਾਈਵੇਟ ਵਕੀਲ ਦੀ ਚੋਣ ਕਦੋਂ ਕਰਨੀ ਹੈ?

ਜੇ ਤੁਸੀਂ ਲੀਗਲ ਏਡ ਲਈ ਯੋਗ ਨਹੀਂ ਹੁੰਦੇ ਤਾਂ ਤੁਸੀਂ ਪ੍ਰਾਈਵੇਟ ਤੌਰ 'ਤੇ ਵਕੀਲ ਕਰਨਾ ਚਾਹੁੰਦੇ ਹੋ ਸਕਦੇ ਹੋ।

ਤੁਸੀਂ ਆਪਣੇ ਫੈਮਿਲੀ ਲਾਅ ਦੇ ਕੇਸ ਦੇ ਸਾਰੇ ਪੱਖਾਂ 'ਤੇ ਨੁਮਾਇੰਦਗੀ ਲਈ ਕੋਈ ਵਕੀਲ ਕਰ ਸਕਦੇ ਹੋ। ਇਸ ਨੂੰ ਕਦੇ ਕਦੇ "ਜਨਰਲ ਰੈਪਰੇਜ਼ਿਨਟੇਸ਼ਨ" ਜਾਂ "ਫੁੱਲ ਰੈਪਰੇਜ਼ਿਨਟੇਸ਼ਨ" ਆਖਿਆ ਜਾਂਦਾ ਹੈ।

ਕੁਝ ਵਕੀਲ "ਅਨਬੰਡਲਿਡ" ਨਾਂ ਦੀਆਂ ਕਾਨੂੰਨੀ ਸੇਵਾਵਾਂ ਵੀ ਦਿੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਤੁਹਾਡੇ ਕੇਸ ਦੇ ਸਿਰਫ ਕੁਝ ਪੱਖਾਂ ਉੱਪਰ ਹੀ ਕੰਮ ਕਰਨਗੇ। ਜੇ ਤੁਹਾਨੂੰ ਖਾਸ ਕੰਮਾਂ ਦੇ ਸੰਬੰਧ ਵਿਚ ਹੀ ਮਦਦ ਦੀ ਲੋੜ ਹੈ ਤਾਂ ਇਹ ਪੈਸੇ ਬਚਾਉਣ ਦਾ ਇਕ ਤਰੀਕਾ ਹੋ ਸਕਦਾ ਹੈ। ਉਦਾਹਰਣ ਲਈ, ਤੁਹਾਡਾ ਵਕੀਲ ਤੁਹਾਨੂੰ ਕਾਨੂੰਨੀ ਸਲਾਹ ਦੇ ਸਕਦਾ ਹੈ ਪਰ ਆਪਣੇ ਪੇਪਰ (ਡਾਕੂਮੈਂਟਸ) ਦਰਜ ਕਰਵਾਉਣ ਲਈ ਤੁਸੀਂ ਆਪ ਜ਼ਿੰਮੇਵਾਰ ਹੋਵੋਗੇ। ਜਾਂ ਤੁਹਾਡਾ ਵਕੀਲ ਤੁਹਾਡੇ ਕਾਨੂੰਨੀ ਪੇਪਰ ਤਿਆਰ ਕਰ ਸਕਦਾ ਹੈ ਪਰ ਅਦਾਲਤ ਵਿਚ ਤੁਸੀਂ ਆਪਣੇ ਆਪ ਪੇਸ਼ ਹੋਵੋਗੇ। ਹਰ ਕੇਸ ਵੱਖਰਾ ਹੁੰਦਾ ਹੈ, ਇਸ ਕਰਕੇ ਤੁਹਾਨੂੰ ਵਕੀਲ ਨਾਲ ਇਹ ਗੱਲਬਾਤ ਕਰਨੀ ਪਵੇਗੀ ਕਿ ਤੁਸੀਂ ਹਰ ਕੋਈ ਕਿਹੜੇ ਕੰਮਾਂ ਲਈ ਜ਼ਿੰਮੇਵਾਰ ਹੋ।

ਭਾਵੇਂ ਤੁਸੀਂ ਵਕੀਲ ਆਮ ਨੁਮਾਇੰਦਗੀ ਲਈ ਜਾਂ ਸਿਰਫ ਖਾਸ ਸੇਵਾਵਾਂ ਲਈ ਕਰਦੇ ਹੋ, ਵਕੀਲ ਤੁਹਾਨੂੰ ਇਕ ਐਗਰੀਮੈਂਟ 'ਤੇ ਦਸਖਤ ਕਰਨ ਲਈ ਕਹੇਗਾ, ਜਿਸ ਨੂੰ ਕਾਨੂੰਨੀ ਸੇਵਾਵਾਂ ਲਈ ਅਕਸਰ "ਰੀਟੇਨਰ" ਆਖਿਆ ਜਾਂਦਾ ਹੈ। ਇਹ ਐਗਰੀਮੈਂਟ ਇਹ ਜਾਣਕਾਰੀ ਦੇਵੇਗਾ ਕਿ ਤੁਹਾਡੇ ਤੋਂ ਪੈਸੇ ਕਿਵੇਂ ਲਏ ਜਾਣਗੇ ਅਤੇ ਤੁਸੀਂ ਅਤੇ ਵਕੀਲ ਗੱਲਬਾਤ ਕਿਵੇਂ ਕਰੋਗੇ। ਇਹ ਜ਼ਰੂਰੀ ਹੈ ਕਿ ਤੁਸੀਂ ਇਸ ਡਾਕੂਮੈਂਟ ਨੂੰ ਧਿਆਨ ਨਾਲ ਪੜ੍ਹੋ ਅਤੇ ਸਾਰੀਆਂ ਸ਼ਰਤਾਂ ਨੂੰ ਸਮਝੋ। ਜੇ ਕੋਈ ਵੀ ਚੀਜ਼ ਸਪਸ਼ਟ ਨਾ ਹੋਵੇ ਤਾਂ ਸਵਾਲ ਪੁੱਛਣਾ ਯਾਦ ਰੱਖੋ।

ਕੁਝ ਵਕੀਲ "ਅਨਬੰਡਲਿਡ" ਨਾਂ ਦੀਆਂ ਕਾਨੂੰਨੀ ਸੇਵਾਵਾਂ ਵੀ ਦਿੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਤੁਹਾਡੇ ਕੇਸ ਦੇ ਸਿਰਫ ਕੁਝ ਪੱਖਾਂ ਉੱਪਰ ਹੀ ਕੰਮ ਕਰਨਗੇ। ਜੇ ਤੁਹਾਨੂੰ ਖਾਸ ਕੰਮਾਂ ਦੇ ਸੰਬੰਧ ਵਿਚ ਹੀ ਮਦਦ ਦੀ ਲੋੜ ਹੈ ਤਾਂ ਇਹ ਪੈਸੇ ਬਚਾਉਣ ਦਾ ਇਕ ਤਰੀਕਾ ਹੋ ਸਕਦਾ ਹੈ। ਉਦਾਹਰਣ ਲਈ, ਤੁਹਾਡਾ ਵਕੀਲ ਤੁਹਾਨੂੰ ਕਾਨੂੰਨੀ ਸਲਾਹ ਦੇ ਸਕਦਾ ਹੈ ਪਰ ਆਪਣੇ ਪੇਪਰ (ਡਾਕੂਮੈਂਟਸ) ਦਰਜ ਕਰਵਾਉਣ ਲਈ ਤੁਸੀਂ ਆਪ ਜ਼ਿੰਮੇਵਾਰ ਹੋਵੋਗੇ।

# ਮੈਂ ਵਕੀਲ ਕਿਵੇਂ ਲੱਭਣਾ ਹੈ?

ਕਈ ਥਾਂਵਾਂ ਹਨ ਜਿੱਥੇ ਤੁਸੀਂ ਉਨ੍ਹਾਂ ਵਕੀਲਾਂ ਦੇ ਨਾਂ ਲੱਭ ਸਕਦੇ ਹੋ ਜਿਹੜੇ ਫੈਮਿਲੀ ਲਾਅ ਦੀਆਂ ਸਮੱਸਿਆਵਾਂ ਵਿਚ ਮਦਦ ਕਰ ਸਕਦੇ ਹਨ। ਲੱਭਣ ਵਾਲੇ ਟੂਲਜ਼ ਇਹ ਗਾਰੰਟੀ ਨਹੀਂ ਦਿੰਦੇ ਕਿ ਤੁਸੀਂ ਅਜਿਹਾ ਵਕੀਲ ਲੱਭ ਲਵੋਗੇ ਜਿਹੜਾ ਸਭ ਤੋਂ ਢੁਕਵਾਂ ਹੋਵੇ, ਪਰ ਆਪਣੀ ਭਾਲ ਕਰਨ ਲਈ ਉਹ ਇਕ ਸ਼ੁਰੂਆਤੀ ਪੋਆਇੰਟ ਹੋ ਸਕਦੇ ਹਨ।

ਜੇ ਤੁਸੀਂ ਕਿਸੇ ਖਾਸ ਵਕੀਲ ਬਾਰੇ ਜਾਣਕਾਰੀ ਚਾਹੁੰਦੇ ਹੋਵੋ ਤਾਂ ਲਾਅ ਸੁਸਾਇਟੀ ਔਫ ਬੀ ਸੀ ਦਾ ਇੱਥੇ ਵਕੀਲ ਲੱਭਣ ਦਾ ਇਕ ਲੁੱਕ-ਅੱਪ ਡੈਟਾਬੈਸ ਹੈ: lawsociety.bc.ca/lsbc/apps/lkup/mbr-search.cfm. ਉਨ੍ਹਾਂ ਕੋਲ ਉਨ੍ਹਾਂ ਵਕੀਲਾਂ ਬਾਰੇ ਵੀ ਜਾਣਕਾਰੀ ਹੈ ਜਿਨ੍ਹਾਂ 'ਤੇ ਅਨੁਸਾਸ਼ਨੀ ਕਾਰਵਾਈ ਹੋਈ ਹੈ ਜਾਂ ਉਨ੍ਹਾਂ ਵਿਅਕਤੀਆਂ ਬਾਰੇ ਵੀ ਜਿਹੜੇ ਗੈਰ-ਕਾਨੂੰਨੀ ਤੌਰ 'ਤੇ ਕਾਨੂੰਨੀ ਸੇਵਾਵਾਂ ਪੇਸ਼ ਕਰ ਰਹੇ ਹਨ। ਤੁਸੀਂ ਇਹ ਸ੍ਰੋਤ ਇੱਥੇ ਦੇਖ ਸਕਦੇ ਹੋ: lawsociety.bc.ca/lsbc/apps/lkup/uap-search.cfm.

ਮੁਫਤ ਕਾਨੂੰਨੀ ਸੇਵਾਵਾਂ ਦੇਣ ਵਾਲੀ ਇਕ ਆਜ਼ਾਦ ਸੰਸਥਾ, ਐਕਸੈੱਸ ਪ੍ਰੋ ਬੋਨੋ ਕੋਲ ਵੀ ਇਕ ਲੌਈਅਰ ਰੈਫਰਲ ਸਰਵਿਸ ਹੈ ਜਿੱਥੇ ਸਟਾਫ ਦਾ ਕੋਈ ਮੈਂਬਰ ਕਿਸੇ ਵਕੀਲ ਦਾ ਨਾਂ ਅਤੇ ਉਸ ਨਾਲ ਸੰਪਰਕ ਕਰਨ ਦੀ ਜਾਣਕਾਰੀ ਦੇਵੇਗਾ। ਜੇ ਵਕੀਲ ਦਾ ਸਮਾਂ ਆਗਿਆ ਦਿੰਦਾ ਹੋਵੇ ਤਾਂ ਉਹ ਵਕੀਲ ਅੱਧੇ ਘੰਟੇ ਦਾ ਮੁਫਤ ਸਲਾਹ-ਮਸ਼ਵਰਾ ਪ੍ਰਦਾਨ ਕਰ ਸਕਦਾ ਹੈ। ਮਸ਼ਵਰੇ ਤੋਂ ਬਾਅਦ ਤੁਹਾਡੇ ਲਈ ਉਸ ਵਕੀਲ ਨੂੰ ਕਰਨਾ ਜ਼ਰੂਰੀ ਨਹੀਂ ਹੈ। ਜੇ ਤੁਹਾਨੂੰ ਕੋਈ ਢੁਕਵਾਂ ਵਕੀਲ ਨਹੀਂ ਲੱਭਦਾ ਤਾਂ ਤੁਸੀਂ ਹੋਰ ਨਾਂ ਲੈਣ ਲਈ ਐਕਸੈੱਸ ਪ੍ਰੋ ਬੋਨੋ ਨਾਲ ਫਿਰ ਸੰਪਰਕ ਕਰ ਸਕਦੇ ਹੋ। ਤੁਸੀਂ ਲੌਈਅਰ ਰੈਫਰੈਲ ਸਰਵਿਸ ਤੱਕ ਇੱਥੇ ਪਹੁੰਚ ਕਰ ਸਕਦੇ ਹੋ: accessprobono.ca/our-programs/lawyer-referral-service.

ਤੁਸੀਂ ਫੈਮਿਲੀ ਲਾਅ ਦੇ ਉਨ੍ਹਾਂ ਵਕੀਲਾਂ ਦੀ ਲਿਸਟ ਇੱਥੇ ਦੇਖ ਸਕਦੇ ਹੋ ਜਿਹੜੇ ਬੀ ਸੀ ਵਿਚ ਅਨਬੰਡਲਿਡ (ਵੱਖੋ ਵੱਖਰੀਆਂ) ਸੇਵਾਵਾਂ ਦਿੰਦੇ ਹਨ: unbundling.ca.

ਜਦੋਂ ਤੁਹਾਡੇ ਕੋਲ ਉਨ੍ਹਾਂ ਤਿੰਨ ਤੋਂ ਪੰਜ ਵਕੀਲਾਂ ਦੇ ਨਾ ਹੋ ਜਾਣ ਜਿਨ੍ਹਾਂ ਨਾਲ ਕੰਮ ਕਰਨ ਵਿਚ ਤੁਸੀਂ ਦਿਲਚਸਪੀ ਰੱਖਦੇ ਹੋਵੋ ਤਾਂ ਤੁਸੀਂ ਉਨ੍ਹਾਂ ਦੇ ਵੈੱਬਸਾਈਟ ਅਤੇ ਸੋਸ਼ਲ ਮੀਡੀਆ ਪੇਜ ਦੇਖਣ ਤੋਂ ਸ਼ੁਰੂ ਕਰ ਸਕਦੇ ਹੋ। ਉਨ੍ਹਾਂ ਦੇ ਵੈੱਬਸਾਈਟ ਅਤੇ ਪ੍ਰੋਫਾਇਲ ਦੇਖ ਕੇ, ਤੁਸੀਂ ਵਕੀਲ ਬਾਰੇ ਜ਼ਿਆਦਾ ਜਾਣ ਸਕਦੇ ਹੋ ਅਤੇ ਤੁਹਾਨੂੰ ਇਸ ਚੀਜ਼ ਦੀ ਬਿਹਤਰ ਸਮਝ ਹੋ ਸਕਦੀ ਹੈ ਕਿ ਕੀ ਉਹ ਤੁਹਾਡੇ ਲਈ ਢੁਕਵਾਂ ਹੈ। ਵਕੀਲ ਨੂੰ ਰਿਵੀਊ ਕਰਨ ਵਾਲੀਆਂ ਸਾਈਟਾਂ ਤੋਂ ਪਰਹੇਜ਼ ਕਰਨ ਦੀ ਕੋਸ਼ਿਸ਼ ਕਰੋ ਕਿਉਂਕਿ ਰਿਵੀਊ ਤੁਹਾਨੂੰ ਇਸ ਚੀਜ਼ ਬਾਰੇ ਕੁਝ ਨਹੀਂ ਦੱਸਣਗੇ ਕਿ ਕੋਈ ਵਕੀਲ ਨਿੱਜੀ ਤੌਰ 'ਤੇ ਤੁਹਾਡੇ ਲਈ ਕਿੰਨਾ ਢੁਕਵਾਂ ਹੈ।

ਐਕਸੈੱਸ ਪ੍ਰੋ ਬੋਨੋ ਕੋਲ ਇਕ ਲੌਈਅਰ ਰੈਫਰਲ ਸਰਵਿਸ ਹੈ ਜਿੱਥੇ ਸਟਾਫ ਦਾ ਕੋਈ ਮੈਂਬਰ ਕਿਸੇ ਵਕੀਲ ਦਾ ਨਾਂ ਅਤੇ ਉਸ ਨਾਲ ਸੰਪਰਕ ਕਰਨ ਦੀ ਜਾਣਕਾਰੀ ਦੇਵੇਗਾ। ਜੇ ਵਕੀਲ ਦਾ ਸਮਾਂ ਆਗਿਆ ਦਿੰਦਾ ਹੋਵੇ ਤਾਂ ਉਹ ਵਕੀਲ ਅੱਧੇ ਘੰਟੇ ਦਾ ਮੁਫਤ ਸਲਾਹ-ਮਸ਼ਵਰਾ ਪ੍ਰਦਾਨ ਕਰ ਸਕਦਾ ਹੈ। ਮਸ਼ਵਰੇ ਤੋਂ ਬਾਅਦ ਤੁਹਾਡੇ ਲਈ ਉਸ ਵਕੀਲ ਨੂੰ ਕਰਨਾ ਜ਼ਰੂਰੀ ਨਹੀਂ ਹੈ। ਜੇ ਤੁਹਾਨੂੰ ਕੋਈ ਢੁਕਵਾਂ ਵਕੀਲ ਨਹੀਂ ਲੱਭਦਾ ਤਾਂ ਤੁਸੀਂ ਹੋਰ ਨਾਂ ਲੈਣ ਲਈ ਐਕਸੈੱਸ ਪ੍ਰੋ ਬੋਨੋ ਨਾਲ ਫਿਰ ਸੰਪਰਕ ਕਰ ਸਕਦੇ ਹੋ।

# ਪਹਿਲਾ ਫੋਨ ਕਰਨ ਵੇਲੇ ਮੈਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ?

ਕਿਸੇ ਵਕੀਲ ਦੀ ਚੋਣ ਕਰਨ ਤੋਂ ਪਹਿਲਾਂ ਕਈ ਵਕੀਲਾਂ ਨੂੰ ਫੋਨ ਕਰਨਾ ਇਕ ਚੰਗਾ ਖਿਆਲ ਹੈ। ਇਹ ਦੇਖਣ ਲਈ ਹਰ ਇਕ ਨਾਲ ਤਕਰੀਬਨ 5 ਤੋਂ 10 ਮਿੰਟ ਗੱਲ ਕਰਨ ਦੀ ਕੋਸ਼ਿਸ਼ ਕਰੋ ਕਿ ਕਿਹੜਾ ਵਕੀਲ ਤੁਹਾਡੇ ਲਈ ਸਭ ਤੋਂ ਜ਼ਿਆਦਾ ਢੁਕਵਾਂ ਹੈ। ਬਹੁਤੀ ਵਾਰੀ, ਵਕੀਲ ਇਸ ਪਹਿਲੇ ਫੋਨ ਲਈ ਪੈਸੇ ਚਾਰਜ ਨਹੀਂ ਕਰਦੇ, ਪਰ ਸ਼ੁਰੂ ਵਿਚ ਇਹ ਪੱਕਾ ਕਰਨਾ ਮਹੱਤਵਪੂਰਨ ਹੈ ਕਿ ਇਹ ਫੋਨ ਮੁਫਤ ਸਲਾਹ-ਮਸ਼ਵਰਾ ਹੈ।

ਫੋਨ ਕਰਨ ਤੋਂ ਪਹਿਲਾਂ, ਆਪਣੀ ਹਾਲਤ ਅਤੇ ਆਪਣੇ ਟੀਚਿਆਂ ਬਾਰੇ ਦੋ ਤੋਂ ਤਿੰਨ ਵਾਕ ਲਿਖ ਲਉ। ਸੌਖੀ ਬੋਲੀ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰੋ ਅਤੇ ਕਾਨੂੰਨੀ ਸ਼ਬਦਾਂ ਦੀ ਵਰਤੋਂ ਤੋਂ ਪਰਹੇਜ਼ ਕਰੋ ਕਿਉਂਕਿ ਤੁਹਾਨੂੰ ਇਹ ਪਤਾ ਲੱਗ ਸਕਦਾ ਹੈ ਕਿ ਤੁਸੀਂ ਅਤੇ ਵਕੀਲ ਕਾਨੂੰਨੀ ਸ਼ਬਦਾਂ ਦੀ ਵਰਤੋਂ ਵੱਖਰੇ ਤਰ੍ਹਾਂ ਕਰ ਰਹੇ ਹੋ। ਵਰਤੇ ਜਾਣ ਵਾਲੇ ਸ਼ਬਦਾਂ ਦੀਆਂ ਕੁਝ ਉਦਾਹਰਣਾਂ ਇਹ ਹਨ:

| ਇਸ ਦੀ ਬਜਾਏ... | ਵਰਤੋ... |
|---|---|
| **ਕਸਟੱਡੀ, ਪੇਰੈਂਟਿੰਗ ਟਾਈਮ, ਐਕਸੈੱਸ, ਕੌਨਟੈਕਟ** | **ਉਹ ਸਮਾਂ ਜਿਹੜਾ ਮੇਰਾ ਬੱਚਾ ਮੇਰੇ ਨਾਲ ਬਿਤਾਉਂਦਾ ਹੈ / ਜਿੱਥੇ ਮੇਰਾ ਬੱਚਾ ਰਹਿੰਦਾ ਹੈ / ਉਹ ਸਮਾਂ ਜਦੋਂ ਮੇਰਾ ਬੱਚਾ ਦੂਜੀ ਧਿਰ ਨੂੰ ਦੇਖਦਾ ਹੈ** |
| **ਰਿਸਟਰੇਨਿੰਗ ਆਰਡਰ, ਪ੍ਰੋਟੈਕਸ਼ਨ ਆਰਡਰ** | **ਮੈਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ / ਆਪਣੇ ਬੱਚੇ ਨੂੰ ਸੁਰੱਖਿਅਤ ਰੱਖਣ ਲਈ / ਆਪਣੀ ਪ੍ਰਾਪਰਟੀ ਦੀ ਰੱਖਿਆ ਲਈ ਆਰਡਰ ਦੀ ਲੋੜ ਹੈ** |
| **ਗਾਰਡੀਅਨਸ਼ਿਪ, ਪੇਰੈਂਟਿੰਗ ਰਿਸਪੌਂਸੀਬਿਲਟੀਜ਼** | **ਮੈਨੂੰ ਆਪਣੇ ਬੱਚੇ ਦੀ ਸਿਹਤ ਬਾਰੇ ਫੈਸਲੇ ਕਰਨ ਦੀ ਲੋੜ ਹੈ / ਮੈਨੂੰ ਦੂਜੇ ਮਾਪੇ ਦੀ ਆਗਿਆ ਬਿਨਾਂ ਆਪਣੇ ਬੱਚੇ ਨਾਲ ਸਫ਼ਰ ਕਰਨ ਦੇ ਯੋਗ ਹੋਣ ਦੀ ਲੋੜ ਹੈ / ਮੈਂ ਦੂਜੀ ਧਿਰ ਨਾਲ ਅਸਹਿਮਤੀਆਂ ਬਾਰੇ ਉਸ ਦੇ ਗੁੱਸੇ ਅਤੇ ਉਸ ਵਲੋਂ ਧਮਕਾਏ ਜਾਣ ਤੋਂ ਬਿਨਾਂ ਗੱਲ ਨਹੀਂ ਕਰ ਸਕਦੀ/ਸਕਦਾ** |

ਤੁਹਾਡੇ ਪਹਿਲੇ ਫੋਨ ਦਾ ਟੀਚਾ ਇਹ ਫੈਸਲਾ ਕਰਨ ਲਈ ਜਾਣਕਾਰੀ ਇਕੱਠੀ ਕਰਨਾ ਹੈ ਕਿ ਕਿਹੜਾ ਵਕੀਲ ਤੁਹਾਡੇ ਲਈ ਸਭ ਤੋਂ ਬਿਹਤਰ ਹੈ। ਤੁਹਾਡੇ ਕੇਸ ਦਾ ਛੋਟਾ ਵੇਰਵਾ ਵਕੀਲ ਨੂੰ ਇਸ ਚੀਜ਼ ਬਾਰੇ ਸੋਚਣ ਦਾ ਮੌਕਾ ਦਿੰਦਾ ਹੈ ਕਿ ਕੀ ਇਹ ਕੇਸ ਉਸ ਲਈ ਢੁਕਵਾਂ ਹੈ ਜਾਂ ਨਹੀਂ।

ਜਦੋਂ ਤੁਸੀਂ ਕਿਸੇ ਵਕੀਲ ਨੂੰ ਸਿੱਧੇ ਫੋਨ ਕਰਦੇ ਹੋ ਤਾਂ ਉਸ ਨੂੰ ਇਹ ਜਾਣਨ ਦੀ ਲੋੜ ਪਵੇਗੀ:

- ਤੁਹਾਡਾ ਨਾਂ;
- ਵਿਰੋਧੀ ਪਾਰਟੀ ਦਾ ਨਾਂ;
- ਵਕੀਲ ਦੇ ਪੈਸੇ ਕਿਵੇਂ ਦਿੱਤੇ ਜਾਣਗੇ – ਉਦਾਹਰਣ ਲਈ, ਕੀ ਤੁਹਾਡਾ ਕੇਸ ਪ੍ਰਾਈਵੇਟ ਰੀਟੇਨਰ ਹੈ ਜਾਂ ਲੀਗਲ ਏਡ ਦਾ ਕੇਸ ਹੈ;
- ਕੀ ਮਾਮਲਾ ਕੋਰਟ ਵਿਚ ਹੈ ਜਾਂ ਨਹੀਂ ਅਤੇ ਜੇ ਹੈ ਤਾਂ ਕੋਰਟ ਦੀ ਕਿਹੜੀ ਥਾਂ ਵਿਚ; ਅਤੇ
- ਕੀ ਕੋਰਟ ਦੀਆਂ ਕੋਈ ਤਾਰੀਕਾਂ ਆ ਰਹੀਆਂ ਹਨ।

ਬਹੁਤੀ ਵਾਰੀ, ਵਕੀਲ ਇਸ ਪਹਿਲੇ ਫੋਨ ਲਈ ਪੈਸੇ ਚਾਰਜ ਨਹੀਂ ਕਰਦੇ, ਪਰ ਸ਼ੁਰੂ ਵਿਚ ਇਹ ਪੱਕਾ ਕਰਨਾ ਮਹੱਤਵਪੂਰਨ ਹੈ।

ਪਹਿਲਾ ਫੋਨ ਆਮ ਤੌਰ 'ਤੇ ਥੋੜ੍ਹੇ ਸਮੇਂ ਲਈ ਹੋਵੇਗਾ, ਅਤੇ ਇਸ ਫੋਨ ਦੌਰਾਨ ਵਕੀਲ ਸ਼ਾਇਦ ਤੁਹਾਨੂੰ ਕਾਨੂੰਨੀ ਸਲਾਹ ਦੇਣ ਦੇ ਯੋਗ ਨਹੀਂ ਹੋਵੇਗਾ। ਉਦਾਹਰਣ ਲਈ, ਵਕੀਲ ਸ਼ਾਇਦ ਇਸ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦੇ ਯੋਗ ਨਹੀਂ ਹੋਵੇਗਾ "ਮੈਨੂੰ ਕੀ ਕਰਨਾ ਚਾਹੀਦਾ ਹੈ?" ਜਾਂ "ਕੀ ਸਾਨੂੰ ਕੋਰਟ ਜਾਣਾ ਚਾਹੀਦਾ ਹੈ?" ਜਾਂ "ਕੀ ਮੇਰਾ ਕੇਸ ਕਾਮਯਾਬ ਹੋਣ ਦੀ ਸੰਭਾਵਨਾ ਹੈ?"

# ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਵਕੀਲ ਮੇਰੇ ਲਈ ਚੰਗਾ ਹੈ?

ਇਹ ਜਾਣਨਾ ਔਖਾ ਹੋ ਸਕਦਾ ਹੈ ਕਿ ਕੀ ਵਕੀਲ ਤੁਹਾਡੀ ਨਿੱਜੀ ਹਾਲਤ ਨੂੰ ਸਮਝਦਾ ਹੈ। ਫੋਨ ਕਰਨ ਤੋਂ ਪਹਿਲਾਂ, ਉਹ ਚੀਜ਼ਾਂ ਲਿਖ ਲਓ ਜਿਨ੍ਹਾਂ ਬਾਰੇ ਤੁਸੀਂ ਚਾਹੁੰਦੇ ਹੋ ਕਿ ਵਕੀਲ ਕਾਨੂੰਨੀ ਮਾਮਲਿਆਂ ਤੋਂ ਇਲਾਵਾ ਧਿਆਨ ਦੇਵੇ। ਉਦਾਹਰਣ ਲਈ, ਤੁਸੀਂ ਹਿੰਸਾ ਤੋਂ ਪੀੜਿਤ ਲੋਕਾਂ, ਵੱਖ ਵੱਖ ਸਭਿਆਚਾਰਾਂ ਦੇ ਲੋਕਾਂ, ਜਾਂ ਡਿਸਏਬਿਲਟੀਜ਼ ਵਾਲੇ ਲੋਕਾਂ ਨਾਲ ਕੰਮ ਕਰਨ ਦੇ ਉਸ ਦੇ ਗਿਆਨ ਬਾਰੇ ਪੁੱਛ ਸਕਦੇ ਹੋ।

ਕਿਸੇ ਵਕੀਲ ਨਾਲ ਆਪਣੇ ਪਹਿਲੇ ਫੋਨ ਤੋਂ ਬਾਅਦ, ਆਪਣਾ ਫੈਸਲਾ ਕਰਨ ਬਾਰੇ ਤੁਸੀਂ ਇਨ੍ਹਾਂ ਕੁਝ ਸਵਾਲਾਂ ਬਾਰੇ ਸੋਚਣਾ ਚਾਹੁੰਦੇ ਹੋ ਸਕਦੇ ਹੋ:

- **ਕੀ ਵਕੀਲ ਕੋਲ ਤੁਹਾਡੀ ਮਦਦ ਕਰਨ ਲਈ ਸਮਾਂ ਹੈ?**

  ਜੇ ਉਸ ਕੋਲ ਤੁਹਾਡੀ ਮਦਦ ਕਰਨ ਲਈ ਜਾਂ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ ਸਮਾਂ ਨਾ ਦਿਖਾਈ ਦਿੰਦਾ ਹੋਵੇ ਜਿਹੜੇ ਉਸ ਦੇ ਤਜਰਬੇ ਬਾਰੇ ਤੁਹਾਡੇ ਕੋਲ ਹੋ ਸਕਦੇ ਹਨ ਤਾਂ ਸੰਭਵ ਹੈ ਕਿ ਉਸ ਕੋਲ ਤੁਹਾਡੇ ਨਾਲ ਕੰਮ ਕਰਨ ਦਾ ਸਮਾਂ ਨਹੀਂ ਹੈ।

- **ਕੀ ਵਕੀਲ ਉਨ੍ਹਾਂ ਮਸਲਿਆਂ ਵੱਲ ਧਿਆਨ ਦੇ ਰਿਹਾ ਹੈ ਜਿਨ੍ਹਾਂ ਬਾਰੇ ਤੁਸੀਂ ਗੱਲ ਕੀਤੀ ਜਾਣਾ ਚਾਹੁੰਦੇ ਹੋ?**

  ਜੇ ਤੁਹਾਡਾ ਧਿਆਨ ਪੇਰੈਂਟਿੰਗ ਟਾਈਮ ਉੱਪਰ ਹੈ ਪਰ ਉਹ ਚਾਇਲਡ ਸੁਪੋਰਟ ਬਾਰੇ ਗੱਲ ਕਰ ਰਿਹਾ ਹੈ ਤਾਂ ਉਹ ਵਕੀਲ ਉਸ ਮਸਲੇ ਵੱਲ ਧਿਆਨ ਨਹੀਂ ਦੇ ਰਿਹਾ ਹੋ ਸਕਦਾ ਹੈ ਜਿਹੜਾ ਤੁਹਾਡੇ ਲਈ ਮਹੱਤਵਪੂਰਨ ਹੈ।

- **ਕੀ ਵਕੀਲ ਨੂੰ ਤੁਹਾਡੇ ਮਸਲਿਆਂ ਬਾਰੇ ਤਜਰਬਾ ਹੈ, ਅਤੇ ਕੀ ਤੁਸੀਂ ਆਪਣੀ ਨੁਮਾਇੰਦਗੀ ਲਈ ਉਸ ਉੱਪਰ ਭਰੋਸਾ ਕਰਦੇ ਹੋ?**

  ਸਾਰੇ ਵਕੀਲਾਂ ਕੋਲ ਫੈਮਿਲੀ ਲਾਅ ਦੇ ਸਾਰੇ ਮਾਮਲਿਆਂ ਦਾ ਤਜਰਬਾ ਨਹੀਂ ਹੁੰਦਾ। ਫੈਮਿਲੀ ਲਾਅ ਗੁੰਝਲਦਾਰ ਹੈ, ਅਤੇ ਤੁਸੀਂ ਆਪਣੇ ਵਕੀਲ ’ਤੇ ਭਰੋਸਾ ਕਰਨ ਦੇ ਯੋਗ ਹੋਣੇ ਚਾਹੀਦੇ ਹੋ।

- **ਕੀ ਤੁਸੀਂ ਵਕੀਲ ਨਾਲ ਗੱਲ ਕਰਨ ਲਈ ਆਰਾਮਦੇਹ ਹੋ?**

  ਤੁਹਾਨੂੰ ਅਜਿਹੀ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੋ ਸਕਦੀ ਹੈ ਜਿਸ ਬਾਰੇ ਗੱਲ ਕਰਨਾ ਔਖਾ ਹੈ।

- **ਜੇ ਤੁਸੀਂ ਜਿਗਰੀ ਪਾਰਟਨਰ ਦੀ ਹਿੰਸਾ ਦਾ ਸ਼ਿਕਾਰ ਹੋਏ ਹੋ ਤਾਂ ਕੀ ਉਹ ਇਸ ਬਾਰੇ ਤੁਹਾਡੇ ਨਾਲ ਗੱਲ ਕਰਨ ਦਾ ਖਾਹਸ਼ਮੰਦ ਹੈ?**

  ਫੈਮਿਲੀ ਲਾਅ ਦੇ ਵਕੀਲਾਂ ਤੋਂ ਇਹ ਵਿਚਾਰ ਕਰਨ ਦੀ ਮੰਗ ਕੀਤੀ ਜਾਂਦੀ ਹੈ ਕਿ ਕੀ ਹਿੰਸਾ ਦਾ ਤੁਹਾਡੇ ਕੇਸ ਉੱਪਰ ਅਸਰ ਪਵੇਗਾ। ਤੁਹਾਡੇ ਵਕੀਲ ਨੂੰ ਸੇਫਟੀ ਦੇ ਤੁਹਾਡੇ ਫਿਕਰ ਸੁਣਨੇ ਚਾਹੀਦੇ ਹਨ ਅਤੇ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਦਾ ਹੱਲ ਕਿਵੇਂ ਕਰਨਾ ਹੈ।

ਸਾਰੇ ਵਕੀਲਾਂ ਕੋਲ ਫੈਮਿਲੀ ਲਾਅ ਦੇ ਸਾਰੇ ਮਾਮਲਿਆਂ ਦਾ ਤਜਰਬਾ ਨਹੀਂ ਹੁੰਦਾ। ਫੈਮਿਲੀ ਲਾਅ ਗੁੰਝਲਦਾਰ ਹੈ, ਅਤੇ ਤੁਸੀਂ ਆਪਣੇ ਵਕੀਲ ’ਤੇ ਭਰੋਸਾ ਕਰਨ ਦੇ ਯੋਗ ਹੋਣੇ ਚਾਹੀਦੇ ਹੋ।

- **ਇਸ ਕਿਸਮ ਦੇ ਮਸਲੇ ਵਿਚ ਪੂਰੀ ਨੁਮਾਇੰਦਗੀ ਦੇ ਰੀਟੇਨਰ ਅਤੇ ਅਨਬੰਡਲਿਡ ਕਾਨੂੰਨੀ ਸੇਵਾਵਾਂ ਵਿਚਕਾਰ ਕੀ ਫਰਕ ਹਨ?**

  ਅਨਬੰਡਲਿਡ ਸੇਵਾਵਾਂ ਖਰਚੇ ਘਟਾਉਣ ਵਿਚ ਮਦਦ ਕਰ ਸਕਦੀਆਂ ਹਨ, ਪਰ ਤੁਹਾਨੂੰ ਉਨ੍ਹਾਂ ਕੰਮਾਂ ਬਾਰੇ ਪੂਰੀ ਤਰ੍ਹਾਂ ਸਮਝਣ ਦੀ ਲੋੜ ਹੈ ਜਿਨ੍ਹਾਂ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।

- **ਜੇ ਤੁਸੀਂ ਕੋਈ ਵਕੀਲ ਪ੍ਰਾਈਵੇਟ ਤੌਰ ’ਤੇ ਕਰ ਰਹੇ ਹੋ ਤਾਂ ਕੀ ਇਸ ਕੰਮ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣ ਲਈ ਚੋਣਾਂ ਹਨ?**

  ਲੀਗਲ ਫੀਸਾਂ ਤੇਜ਼ੀ ਨਾਲ ਜਮ੍ਹਾਂ ਹੋ ਸਕਦੀਆਂ ਹਨ। ਆਪਣੇ ਵਕੀਲ ਨਾਲ ਇਸ ਚੀਜ਼ ਬਾਰੇ ਖੁੱਲ੍ਹੀ ਗੱਲਬਾਤ ਕਰਨਾ ਜ਼ਰੂਰੀ ਹੈ ਕਿ ਉਹ ਤੁਹਾਨੂੰ ਕਿਵੇਂ ਚਾਰਜ ਕਰਨਗੇ ਅਤੇ ਤੁਹਾਨੂੰ ਕਿਹੜੀਆਂ ਸੇਵਾਵਾਂ ਵਾਰਾ ਖਾਂਦੀਆਂ ਹਨ।

- **ਜੇ ਤੁਹਾਡੇ ਕੋਲ ਲੀਗਲ ਏਡ ਦਾ ਕੌਨਟਰੈਕਟ ਹੋਵੇ ਤਾਂ ਤੁਸੀਂ ਆਪਣੇ ਘੰਟਿਆਂ ਦੀ ਬਿਹਤਰ ਵਰਤੋਂ ਕਿਵੇਂ ਕਰ ਸਕਦੇ ਹੋ?**

  ਬਹੁਤੇ ਵਕੀਲ ਈਮੇਲਾਂ ਅਤੇ ਫੋਨ ਕਾਲਾਂ ਦਾ ਜਵਾਬ ਦੇਣ ’ਤੇ ਲਗਾਏ ਸਮੇਂ ਨੂੰ ਗਿਣਨਗੇ, ਇਸ ਲਈ ਬਹੁਤ ਸਾਰੇ ਮੈਸੇਜ ਭੇਜਣਾ ਤੁਹਾਡੇ ਲੀਗਲ ਘੰਟਿਆਂ ਨੂੰ ਵਰਤ ਕੇ ਘਟਾ ਸਕਦਾ ਹੈ। ਆਪਣੇ ਵਕੀਲ ਨੂੰ ਪੁੱਛੋ ਕਿ ਉਹ ਤੁਹਾਡੇ ਵਲੋਂ ਗੱਲਬਾਤ ਕਿਸ ਤਰ੍ਹਾਂ ਕੀਤੀ ਜਾਣੀ ਚਾਹੁੰਦਾ ਹੈ। ਉਦਾਹਰਣ ਲਈ, ਕੀ ਉਹ ਫੋਨ ਕਾਲਾਂ ਜਾਂ ਈਮੇਲ ਨੂੰ ਤਰਜੀਹ ਦਿੰਦਾ ਹੈ, ਅਤੇ ਹਰ ਹਫਤੇ ਕਿੰਨੀ ਕੁ ਵਾਰੀ ਇਹ ਪ੍ਰਵਾਨਯੋਗ ਹੈ? ਇਨ੍ਹਾਂ ਮਾਮਲਿਆਂ ਬਾਰੇ ਅਗਾਊਂ ਹੀ ਸਪਸ਼ਟ ਹੋ ਜਾਣਾ ਤੁਹਾਡਾ ਅਤੇ ਵਕੀਲ ਦੋਨਾਂ ਦਾ ਸਮਾਂ ਬਚਾ ਸਕਦਾ ਹੈ।

- **ਕੀ ਕੋਈ ਕੋਰਟ ਫੀਸਾਂ ਜਾਂ ਖਰਚੇ ਹਨ ਜਿਹੜੇ ਇਸ ਤਰ੍ਹਾਂ ਦੇ ਕੇਸ ਵਿਚ ਉਮੀਦ ਕੀਤੇ ਜਾਂਦੇ ਹਨ?**

  ਕੋਰਟ ਫੀਸਾਂ ਅਤੇ ਕੁਝ ਖਰਚੇ ਲੀਗਲ ਏਡ ਦੇ ਕੌਨਟਰੈਕਟ ਵਿਚ ਕਵਰ ਹੋ ਸਕਦੇ ਹਨ, ਪਰ ਇਸ ਦੀਆਂ ਹੱਦਾਂ ਹਨ। ਜੇ ਤੁਸੀਂ ਵਕੀਲ ਪ੍ਰਾਈਵੇਟ ਤੌਰ ’ਤੇ ਕਰ ਰਹੇ ਹੋ ਤਾਂ ਫਿਰ ਕੋਰਟ ਫੀਸਾਂ ਅਤੇ ਖਰਚਿਆਂ ਲਈ ਤੁਸੀਂ ਜ਼ਿੰਮੇਵਾਰ ਹੋ।

ਧਿਆਨ ਰੱਖੋ ਕਿ ਵਕੀਲ ਲੱਭਣ ਲਈ ਬਹੁਤ ਸਾਰਾ ਸਮਾਂ ਨਾ ਲਗਾਉ, ਕਿਉਂਕਿ ਇਹ ਸਮਾਂ ਜਮ੍ਹਾਂ ਹੋ ਸਕਦਾ ਹੈ। ਇਸ ਦੇ ਨਾਲ ਹੀ, ਜੇ ਤੁਹਾਨੂੰ ਲੱਗੇ ਕਿ ਵਕੀਲ ਤੁਹਾਡੇ ਲਈ ਚੰਗਾ ਨਹੀਂ ਹੈ ਤਾਂ ਤੁਸੀਂ ਵਕੀਲ ਬਦਲ ਸਕਦੇ ਹੋ। ਤੁਹਾਨੂੰ ਕਿਸੇ ਵਕੀਲ ਨਾਲ ਇਸ ਕਰਕੇ ਰਹਿਣ ਦੀ ਲੋੜ ਨਹੀਂ ਹੈ ਕਿਉਂਕਿ ਤੁਸੀਂ ਗੱਲਬਾਤ ਕਰਨ ਲਈ ਸਮਾਂ ਲਗਾਇਆ ਹੈ। ਪਰ ਵਕੀਲ ਬਦਲਣ ਤੋਂ ਪਹਿਲਾਂ, ਆਪਣੇ ਵਕੀਲ ਨਾਲ ਇਸ ਚੀਜ਼ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰੋ ਕਿ ਤੁਹਾਡੇ ਲਈ ਕਿਹੜੀ ਚੀਜ਼ ਕੰਮ ਨਹੀਂ ਕਰ ਰਹੀ ਹੈ। ਜੇ ਉਹ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਅਡਜਸਟ ਨਹੀਂ ਹੁੰਦਾ ਤਾਂ ਤੁਸੀਂ ਸਦਾ ਕੋਈ ਵੱਖਰਾ ਵਕੀਲ ਵਰਤ ਸਕਦੇ ਹੋ।

ਜਦੋਂ ਤੁਸੀਂ ਕਿਸੇ ਅਜਿਹੀ ਹਾਲਤ ਵਿਚ ਹੋਵੋ ਜਿਸ ਲਈ ਵਕੀਲ ਦੀ ਲੋੜ ਹੁੰਦੀ ਹੈ ਤਾਂ ਇਹ ਬਹੁਤ ਤਣਾਅ ਪੈਦਾ ਵਾਲਾ ਹੋ ਸਕਦਾ ਹੈ। ਇਹ ਗਾਈਡ ਪੜ੍ਹ ਕੇ ਅਤੇ ਆਪਣੀਆਂ ਲੋੜਾਂ ਬਾਰੇ ਸੋਚ ਕੇ, ਤੁਸੀਂ ਅਜਿਹਾ ਵਕੀਲ ਲੱਭਣ ਵੱਲ ਪਹਿਲਾਂ ਹੀ ਮਦਦ ਕਰਨ ਵਾਲੇ ਕੁਝ ਪਹਿਲੇ ਕਦਮ ਚੁੱਕੇ ਰਹੇ ਹੋ ਜਿਹੜਾ ਤੁਹਾਡੀ ਕਾਨੂੰਨੀ ਸਮੱਸਿਆ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਯਾਦ ਰੱਖਣ ਦੀ ਕੋਸ਼ਿਸ਼ ਕਰੋ ਕਿ ਤੁਹਾਡਾ ਕਾਨੂੰਨੀ ਮਸਲਾ ਤੁਹਾਡੀ ਜ਼ਿੰਦਗੀ ਦਾ ਸਿਰਫ ਇਕ ਪੱਖ ਹੈ। ਜਦੋਂ ਵੀ ਤੁਸੀਂ ਕਰ ਸਕਦੇ ਹੋਵੋ, ਇਸ ਕੰਮ ਦੌਰਾਨ ਆਪਣੀ ਸੰਭਾਲ ਕਰਨ ਲਈ ਸਮਾਂ ਕੱਢੋ ਜਿਸ ਦੀ ਤੁਹਾਨੂੰ ਲੋੜ ਹੈ।

ਜਦੋਂ ਤੁਸੀਂ ਕਿਸੇ ਅਜਿਹੀ ਹਾਲਤ ਵਿਚ ਹੋਵੋ ਜਿਸ ਲਈ ਵਕੀਲ ਦੀ ਲੋੜ ਹੁੰਦੀ ਹੈ ਤਾਂ ਇਹ ਬਹੁਤ ਤਣਾਅ ਪੈਦਾ ਵਾਲਾ ਹੋ ਸਕਦਾ ਹੈ। ਇਹ ਗਾਈਡ ਪੜ੍ਹ ਕੇ ਅਤੇ ਆਪਣੀਆਂ ਲੋੜਾਂ ਬਾਰੇ ਸੋਚ ਕੇ, ਤੁਸੀਂ ਅਜਿਹਾ ਵਕੀਲ ਲੱਭਣ ਵੱਲ ਪਹਿਲਾਂ ਹੀ ਮਦਦ ਕਰਨ ਵਾਲੇ ਕੁਝ ਪਹਿਲੇ ਕਦਮ ਚੁੱਕੇ ਰਹੇ ਹੋ ਜਿਹੜਾ ਤੁਹਾਡੀ ਕਾਨੂੰਨੀ ਸਮੱਸਿਆ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

Rise

WOMEN'S LEGAL CENTRE

ਇਸ ਪ੍ਰੋਜੈਕਟ ਦੀ ਮਦਦ ਵਿਮਨ ਐਂਡ ਜੈਂਡਰ
ਇਕੁਆਲਟੀ ਕੈਨੇਡਾ ਨੇ ਕੀਤੀ ਹੈ

Women and Gender Equality Canada
Femmes et Égalité des genres Canada

ਸਾਡਾ ਦਫਤਰ **Skwxwu7mesh** (Squamish), **Tsleil-Waututh** (Burrard), ਅਤੇ **xʷməθkʷəy̓əm** (Musqueam) ਨੇਸ਼ਨਜ਼ ਦੇ ਤਿਆਗੇ ਨਾ ਗਏ ਇਲਾਕੇ ਉੱਪਰ ਸਥਿਤ ਹੈ।

516 Richards St, Vancouver, BC V6B 3A2
604-451-7447 | info@womenslegalcentre.ca
womenslegalcentre.ca